# ਦਫਤਰ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ)ਬਠਿੰਡਾ

deose.bathinda@punjabeducation.gov.in

ਵੱਲ

ਅਤਿ ਜਰੂਰੀ/ ਮਿਤੀ ਬੱਧ

ਸਬੰਧਤ ਸਕੂਲ ਮੁੱਖੀ
ਜਿਲ੍ਹਾ ਬਠਿੰਡਾ
ਪੱਤਰ ਨੰ: ਜੀ-1/1 ( )2025 / 1638
ਮਿਤੀ : 08-08-2025

ਵਿਸ਼ਾ: **ਪੰਜਾਬ ਸਿੱਖਿਆ ਕ੍ਰਾਂਤੀ ਸਕੀਮ ਦੇ ਭੇਜੇ ਗਏ ਬਿੱਲ ਚੈੱਕ ਕਰਨ ਅਤੇ ਗੂਗਲ ਸ਼ੀਟ ਵਿਚ ਰਹਿੰਦੇ ਸਕੂਲਾਂ ਦਾ ਡਾਟਾ ਭਰਨ ਸਬੰਧੀ ।**

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਸਬੰਧਤ ਸਕੂਲ ਮੁੱਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਸਬੰਧਤ ਸਕੂਲਾਂ ਵੱਲੋਂ ਪੰਜਾਬ ਸਿੱਖਿਆ ਕ੍ਰਾਂਤੀ ਸਕੀਮ ਦੇ ਬਿੱਲ ਇਸ ਦਫਤਰ ਵਿਖੇ ਜਮ੍ਹਾਂ ਕਰਵਾਏ ਗਏ ਸਨ ।ਇਨ੍ਹਾਂ ਬਿੱਲਾਂ ਵਿਚ ਸਕੂਲ ਦਾ ਖਾਤਾ ਨੰਬਰ ਅਤੇ ਬੈਂਕ ਖਾਤੇ ਦਾ ਆਈ.ਐਫ.ਐਸ.ਸੀ ਕੋਡ ਅਤੇ ਬੈਂਕ ਦਾ ਨਾਮ ਪ੍ਰਾਪਤ ਹੋਈਆਂ ਫਾਇਲਾਂ ਅਨੁਸਾਰ ਗੂਗਲ ਸ਼ੀਟ ਵਿਚ ਲਿਖ ਦਿੱਤਾ ਗਿਆ ਹੈ । ਇਸ ਲਈ ਇਸ ਪੱਤਰ ਨਾਲ ਨੱਥੀ ਗੂਗਲ ਸ਼ੀਟ ਦਾ ਲਿੰਕ ਭੇਜਕੇ ਸਬੰਧਤ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਸਕੂਲ ਦੇ ਨਾਮ ਦੇ ਸਾਹਮਣੇ ਵਾਲੇ ਕਾਲਮ ਵਿਚ ਸਕੂਲ ਦਾ ਖਾਤਾ ਨੰਬਰ / ਆਈ.ਐਫ.ਐਸ.ਸੀ ਕੋਡ ਅਤੇ ਬੈਂਕ ਦਾ ਨਾਮ ਚੰਗੀ ਤਰ੍ਹਾਂ ਚੈਕ ਕਰ ਲਿਆ ਜਾਵੇ ਅਤੇ ਜੇਕਰ ਕਿਸੇ ਸਕੂਲ ਦਾ ਡਾਟਾ ਗਲਤ ਹੈ ਤਾਂ ਮਿਤੀ : 11-08-2025 ਦੁਪਹਿਰ 12:00 ਵਜੇ ਤੱਕ ਸਹੀ ਕਰ ਦਿੱਤਾ ਜਾਵੇ, ਕਿਉਂਕਿ ਕਿ ਇਸੇ ਡਾਟੇ ਦੇ ਆਧਾਰ ਤੇ ਸਬੰਧਤ ਸਕੂਲਾਂ ਨੂੰ ਸਿੱਖਿਆ ਕ੍ਰਾਂਤੀ ਸਕੀਮ ਦੀ ਪ੍ਰਾਪਤ ਹੋਈ ਗ੍ਰਾਂਟ ਸਬੰਧਤ ਸਕੂਲਾਂ ਨੂੰ ਟਰਾਂਸਫਰ ਕੀਤੀ ਜਾਣੀ ਹੈ । ਜੇਕਰ ਫਿਰ ਵੀ ਕਿਸੇ ਸਕੂਲ ਦਾ ਖਾਤਾ ਨੰਬਰ , ਆਈ.ਐਫ.ਐਸ.ਸੀ ਕੋਡ ਗਲਤ ਪਾਇਆ ਜਾਂਦਾ ਹੈ ਤਾਂ ਇਸ ਦੀ ਸਮੁੱਚੀ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ । ਇਸ ਲਈ ਇਸ ਪੱਤਰ ਨੂੰ ਗੰਭੀਰਤਾ ਨਾਲ ਲਿਆ ਜਾਵੇ ।

ਇਸ ਦੇ ਨਾਲ ਹੀ ਗੂਗਲ ਸ਼ੀਟ ਦੇ Bill GST Yes/NO ਵਾਲੇ ਕਾਲਮ ਵਿਚ ਜਿੰਨ੍ਹਾਂ ਸਕੂਲਾਂ ਦਾ NO ਲਿਖਿਆ ਹੋਇਆ ਹੈ ,ਉਹਨਾਂ ਸਕੂਲ ਵੱਲੋਂ ਭੇਜੀਆਂ ਗਈਆਂ ਫਾਇਲਾਂ ਵਿੱਚ GST ਵਾਲੇ ਬਿੱਲ ਨਹੀਂ ਲਗਾਏ ਗਏ ਹਨ। ਇਸ ਲਈ ਇਹ ਸਕੂਲ ਮੁੱਖੀ ਮਿਤੀ : 11-08-2025 ਤੱਕ ਦਫਤਰ ਨੂੰ ਭੇਜੇ ਗਏ ਬਿੱਲਾਂ ਦੇ ਪਿਛਲੇ ਪਾਸੇ ਇਹ ਲਿਖਦੇ ਹੋਏ ,ਕਿ ਇਹ ਫਰਮ GST ਦੇ ਦਾਇਰੇ ਵਿਚ ਨਹੀਂ ਆਉਂਦੀ ਹੈ , ਆਪਣੇ ਦਸਤਖਤ ਕਰਕੇ ਜਾਣ। ਨੱਥੀ :- ਗੂਗਲ ਲਿੰਕ

https://docs.google.com/spreadsheets/d/110a0GwJE9EmNR29U103OktTg5wwl9dVhQx7CEk8f37c/edit?usp=sharing

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ

Scanned with CamScanner